**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ,**

**ਸਮੱਗਰਾ ਸਿੱਖਿਆ ਅਭਿਆਨ, ਪੰਜਾਬ।**

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਬਲਾਕ-ਈ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ ਨਗਰ।

**(ਵੈਬ-ਸਾਈਟ ਰਾਹੀਂ)**

ਵੱਲ

**ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ/ਐ.ਸਿ)**
**ਸਮੂਹ ਬੀ.ਪੀ.ਈ.ਓ, ਸਕੂਲ ਮੁੱਖੀ,**
**ਪੰਜਾਬ।**

**ਮੀਮੋ ਨੰ - ਏ.ਡੀ (ਈ ਤੇ ਆਈ)/2022/114424**
**ਮਿਤੀ - 13.05.2022**

**ਵਿਸ਼ਾ-** **ਸਿੱਖਿਆ ਵਿਭਾਗ ਪੰਜਾਬ ਵੱਲੋਂ ਸਮੂਹ ਸਕੂਲ ਮੁੱਖੀਆਂ ਪਾਸੋਂ ਸਿੱਖਿਆ ਸੁਧਾਰਾਂ ਬਾਰੇ ਸੁਝਾਅ ਲੈਣ ਲਈ ਜਾਰੀ ਪੋਰਟਲ ਲਿੰਕ ਬਾਰੇ ।**

1.0 ਉਪਰੋਕਤ ਵਿਸ਼ੇ ਸਬੰਧੀ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਸਿੱਖਿਆ ਵਿਭਾਗ ਦੇ ਵੱਲੋਂ ਮਿਤੀ 10 ਮਈ, 2022 ਨੂੰ ਜਿਲਾ ਲੁਧਿਆਣਾ ਵਿਖੇ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਨੇ ਸਿੱਖਿਆ ਸੁਧਾਰਾਂ ਸਬੰਧੀ ਸਿੱਖਿਆ ਅਧਿਕਾਰੀਆਂ ਅਤੇ ਸਕੂਲ ਮੁੱਖੀਆਂ ਨਾਲ ਇਕ ਵਿਸ਼ੇਸ ਮੀਟਿੰਗ ਕੀਤੀ ਸੀ। ਮੀਟਿੰਗ ਦੌਰਾਨ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਸਿੱਖਿਆ ਸੁਧਾਰਾਂ ਸਬੰਧੀ ਵਿਚਾਰ ਲੈਣ ਲਈ ਇਕ ਆਨਲਾਈਨ ਪੋਰਟਲ ਜਾਰੀ ਕੀਤਾ ਗਿਆ ਹੈ।

3.0 ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 20 ਮਈ, 2022 ਤੱਕ ਇਸ ਪੋਰਟਲ ਰਾਹੀਂ ਆਪਣੇ-ਆਪਣੇ ਸੁਝਾਅ ਦਰਜ ਕੀਤੇ ਜਾਣ। ਸਮੂਹ ਬੀ.ਪੀ.ਈ.ਓ ਨੂੰ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਅਧੀਨ ਆਉਂਦੇ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਸੁਝਾਅ ਦੇਣ ਸਬੰਧੀ ਪ੍ਰੇਰਿਤ ਕਰਨ।

4.0 ਸਮੂਹ ਸਿੱਖਿਆ ਅਧਿਕਾਰੀਆਂ/ਸਕੂਲ ਮੁੱਖੀਆਂ ਨੂੰ ਸੁਝਾਅ ਦਿੱਤਾ ਜਾਂਦਾ ਹੈ ਕਿ ਪੋਰਟਲ 'ਤੇ ਸੁਝਾਅ ਦੇਣ ਤੋਂ ਪਹਿਲਾਂ ਪੋਰਟਲ 'ਤੇ ਲਿਖੇ ਗਏ ਸਵਾਲਾਂ ਦੀ ਜਾਣਕਾਰੀ ਦੇਣ ਲਈ ਇਕ ਮੀਟਿੰਗ ਸਕੂਲ ਦੇ ਸਮੂਹ ਸਟਾਫ ਨਾਲ ਕੀਤੀ ਜਾਵੇ। ਇਸ ਮੀਟਿੰਗ ਦੀ ਕਾਰਵਾਈ ਅਤੇ ਮਿਨਟਸ ਦਾ ਰਿਕਾਰਡ ਜਰੂਰ ਰੱਖਿਆ ਜਾਵੇ ਜੀ।

5.0 ਇਸ ਪੋਰਟਲ ਦਾ ਲਿੰਕ ਵਿਭਾਗ ਦੀ ਵੈਬਸਾਈਟ www.ssapunjab.org ਰਾਹੀਂ epunjab portal ਤੇ ਸਿੱਖਿਆ ਅਧਿਕਾਰੀਆਂ/ਸਕੂਲ ਮੁੱਖੀਆਂ ਦੇ ਲਾਗਇਨ ਵਿਚ ਹੈ। ਸਕੂਲ ਮੁੱਖੀ ਆਪਣੀ ਸਟਾਫ ਆਈ.ਡੀ. ਰਾਹੀਂ ਲਾਗਇਨ ਕਰਕੇ ਆਪਣੇ ਸੁਝਾਅ ਦਰਜ ਕਰ ਸਕਦੇ ਹਨ।

6.0 ਸਮੂਹ ਸਿੱਖਿਆ ਅਧਿਕਾਰੀਆਂ/ਸਕੂਲ ਮੁੱਖੀਆਂ ਇਸ ਪੋਰਟਲ 'ਤੇ ਆਪਣੇ ਸੁਝਾਅ ਦੇਣਾ ਯਕੀਨੀ ਬਣਾਉਣ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

**ਪਿੱਠ ਅੰਕਣ ਨੰ: ਉਕਤ 114424** **ਮਿਤੀ : ਉਕਤ**

ਇਸ ਦਾ ਉਤਾਰਾ ਪੀ.ਏ ਟੂ ਪ੍ਰਿੰਸੀਪਲ ਸਕੱਤਰ, ਸਕੂਲ ਸਿੱਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**